2023/20577
11/9/2023
ਫ-6

# ਰਾਜ ਵਿਦਿਅਕ ਖੋਜ ਤੇ ਸਿਖਲਾਈ ਪ੍ਰੀਸ਼ਦ ਪੰਜਾਬ

Azadi Ka Amrit Mahotsav

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8,ਐਸ.ਏ.ਐਸ. ਨਗਰ
ਈਮੇਲ: directorscert@punjabeducation.gov.in ਫੋਨ ਨੰ: 0172-2212221

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.),
ਸਮੂਹ ਸਕੂਲ ਮੁੱਖੀ (ਵੈੱਬਸਾਈਟ ਰਾਹੀ)
ਪੰਜਾਬ।

ਮੀਮੋ ਨੰਬਰ: SCERT/SCI/2023-2024/251818/e-566906
ਮਿਤੀ: ਐਸ.ਏ.ਐਸ. ਨਗਰ - 08.09.2023

**ਵਿਸ਼ਾ- Vidyarthi Vigyan Manthan 2023-24 ਪ੍ਰੀਖਿਆ ਵਿੱਚ ਹਿੱਸਾ ਲੈਣ ਸੰਬੰਧੀ**

1.0 ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ Vijnana Bharati (VIBHA) ਸੰਸਥਾ ਵੱਲੋਂ National Council of Educational Research and Training (NCERT) ਅਤੇ National Council of Science Museum (NCSM) ਦੇ ਸਹਿਯੋਗ ਨਾਲ Vidyarthi Vigyan Manthan (2023-24) ਆਨ-ਲਾਈਨ ਪ੍ਰੀਖਿਆ ਕਰਵਾਈ ਜਾ ਰਹੀ ਹੈ।

2.0 Vidyarthi Vigyan Manthan ਰਾਸ਼ਟਰੀ ਵਿਗਿਆਨ ਟੈਲੰਟ ਖੋਜ ਪ੍ਰੀਖਿਆ ਹੈ ਜਿਸਦਾ ਮੁੱਖ ਉਦੇਸ਼ ਛੇਵੀਂ ਤੋਂ ਗਿਆਰਵੀਂ ਜਮਾਤ ਤੱਕ ਦੇ ਸਕੂਲ ਜਾਣ ਵਾਲੇ ਵਿਦਿਆਰਥੀਆਂ ਦੇ ਮਨਾਂ ਅੰਦਰ ਵਿਗਿਆਨ ਦੇ ਖੇਤਰ ਵਿੱਚ ਭਾਰਤੀ ਯੋਗਦਾਨ ਬਾਰੇ ਜਾਗਰੂਕਤਾ ਪੈਦਾ ਕਰਨਾ, ਵਿਗਿਆਨ ਵਿਸ਼ੇ ਪ੍ਰਤੀ ਪ੍ਰੇਮ ਪੈਦਾ ਕਰਨਾ ਅਤੇ ਵਿਗਿਆਨ ਵਿਸ਼ੇ ਨੂੰ ਉਤਸ਼ਾਹਿਤ ਕਰਨਾ ਹੈ।

3.0. ਇਹ ਪ੍ਰੀਖਿਆ ਇੱਕ ਓਪਨ ਬੁੱਕ ਇਮਤਿਹਾਨ ਹੋਵੇਗੀ ਜਿਸ ਵਿੱਚ ਘਰ ਜਾਂ ਸਕੂਲ ਤੋਂ ਹਿੱਸਾ ਲਿਆ ਜਾ ਸਕਦਾ ਹੈ। ਇਸ ਪ੍ਰੀਖਿਆ ਵਿੱਚ ਗਿਆਨ ਅਤੇ ਆਲੋਚਨਾਤਮਕ ਸੋਚ ਤੇ ਆਧਰਿਤ ਪ੍ਰਸ਼ਨ ਹੋਣਗੇ (ਸੰਬੰਧਤ ਪੱਤਰ ਨਾਲ ਨੱਥੀ ਹੈ)।

4.0 ਉਕਤ ਪ੍ਰੀਖਿਆ ਵਿੱਚ ਆਪ ਜੀ ਦੇ ਜ਼ਿਲ੍ਹੇ ਦੇ ਸਕੂਲਾਂ ਵਿੱਚ ਪੜ੍ਹ ਰਹੇ ਹਿੱਸਾ ਲੈਣ ਦੇ ਚਾਹਵਾਨ ਵਿਦਿਆਰਥੀ ਨਾਲ ਨੱਥੀ ਪੱਤਰ ਵਿੱਚ ਦਿੱਤੇ ਗਏ ਲਿੰਕ, ਦਿਸ਼ਾ-ਨਿਰਦੇਸ਼ ਅਤੇ Schedule ਅਨੁਸਾਰ ਹਿੱਸਾ ਲੈ ਸਕਦੇ ਹਨ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਬਠਿੰਡਾ

ਪਿੱਠ ਅੰਕਣ ਨੰ- ਫ-6/2023/86 ਮਿਤੀ 11/09/2023

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਵਿਦਿਆਰਥੀ ਵਿਗਿਆਨ ਮੰਥਨ 2023-24 ਨੂੰ ਆਨ-ਲਾਈਨ ਪ੍ਰੀਖਿਆ ਕਰਵਾਈ ਜਾਣੀ ਹੈ ਉਸਦੀ ਰਜਿਸਟ੍ਰੇਸ਼ਨ 15-9-2023 ਤੱਕ ਹੋਣੀ ਹੈ ਜ਼ਿਲ੍ਹੇ ਵਿਦਿਆਰਥੀਆਂ ਇਸ ਪ੍ਰੀਖਿਆ ਵਿਚ ਹਿੱਸਾ ਲੈਣਾ ਬਣਦਾ ਹੈ। ਇਹ ਆਪਣੀ ਰਜਿਸਟ੍ਰੇਸ਼ਨ 15-9-2023 ਤੋਂ ਪਹਿਲਾਂ ਕਰਵਾਉਣਾ ਯਕੀਨੀ ਬਣਾਉਣਾ

(ਦਸਤਖਤ) 11/9/23
ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ।

Scanned with OKEN Scanner

5.0 ਇਸ ਪ੍ਰੀਖਿਆ ਵਿੱਚ ਰਾਸ਼ਟਰੀ ਪੱਧਰ ਦੇ ਜੇਤੂ ਵਿਦਿਆਰਥੀਆਂ ਨੂੰ (ਹਿਮਾਲਿਆਂ ਅਤੇ ਜ਼ੋਨਲ) ਲਈ 1 ਤੋਂ 3 ਹਫ਼ਤਿਆਂ ਦੀ ਵਿਆਪਕ ਸਿਖਲਾਈ ਅਤੇ ਇੰਟਰਨਸ਼ਿਪ ਪ੍ਰਦਾਨ ਕੀਤੀ ਜਾਵੇਗੀ।

6.0 ਇਹ ਪ੍ਰੀਖਿਆ ਵਿਦਿਆਰਥੀ ਦੇ ਵਿਗਿਆਨ ਵਿਸ਼ੇ ਵਿੱਚ ਗਿਆਨ ਦਾ ਵਾਧਾ ਕਰਨ ਵਿੱਚ ਸਹਾਈ ਹੋ ਸਕਦੀ ਹੈ।

7.0 ਇਸ ਪ੍ਰੀਖਿਆ ਵਿੱਚ ਹਿੱਸਾ ਲੈਣ ਲਈ ਰਜਿਸਟ੍ਰੇਸ਼ਨ ਦੀ ਆਖਰੀ ਮਿਤੀ ਸ਼ੁੱਕਰਵਾਰ 15 ਸਤੰਬਰ 2023 ਹੈ ਅਤੇ ਰਜਿਸਟ੍ਰੇਸ਼ਨ ਦੀ ਫੀਸ 200/- ਰੁਪਏ ਪ੍ਰਤੀ ਵਿਦਿਆਰਥੀ ਹੈ । ਇਸ ਸੰਬੰਧੀ ਸਕੂਲ ਅਤੇ ਵਿਦਿਆਰਥੀ ਵਿਅਕਤੀਗਤ ਰੂਪ ਵਿੱਚ https://vvm.org.in/ ਵੈਬਸਾਇਟ ਤੇ ਰਜਿਸਟ੍ਰੇਸ਼ਨ ਲਈ ਅਪਲਾਈ ਕਰ ਸਕਦੇ ਹਨ।

8.0 ਇਹ ਪ੍ਰੀਖਿਆ ਲਾਜ਼ਮੀ ਨਹੀਂ ਹੈ ਅਤੇ ਵਿਦਿਆਰਥੀ ਆਪਣੀ ਰੁਚੀ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਵਿੱਚ ਹਿੱਸਾ ਲੈਣ ਦਾ ਫੈਸਲਾ ਲੈ ਸਕਦੇ ਹਨ।

ਡਾਇਰੈਕਟਰ
ਐੱਸ.ਸੀ.ਈ.ਆਰ.ਟੀ. ਪੰਜਾਬ।

**ਮਿਤੀ:** ਐਸ.ਏ.ਐਸ.ਨਗਰ-08.09.2023

ਪਿੱਠ ਅੰਕਣ ਨੰ : ਉਕਤ

**ਉਪਰੋਕਤ ਦਾ ਉਤਾਰਾ DM (MIS) ਨੂੰ ਵੈੱਬਸਾਈਟ ਤੇ ਅਪਲੋਡ ਕਰਨ ਲਈ ਭੇਜਿਆ ਜਾਂਦਾ ਹੈ।**

ਸਹਾਇਕ ਡਾਇਰੈਕਟਰ
ਐੱਸ.ਸੀ.ਈ.ਆਰ.ਟੀ.,ਪੰਜਾਬ।

Scanned with OKEN Scanner